ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ
(ਸਿਹਤ-3 ਸ਼ਾਖਾ)

ਵੱਲ

ਡਾ: ਬਸੰਤ ਕੁਮਾਰ,
ਪੁੱਤਰ ਸ਼੍ਰੀ ਰਾਮ ਚੰਦਰ,
ਪਿੰਡ-ਜਟੇਲੀ,
ਜਿਲ੍ਹਾ-ਫੇਥਪੁਰ ਫੁਰਿਆ ਯਮੁਨਾ ਨਗਰ,
ਹਰਿਆਣਾ।

ਮੀਮੋ ਨੰ: 12/21/2008-3ਸਸ3/ 3551.
ਮਿਤੀ, ਚੰਡੀਗੜ੍ਹ: 05/07/2013.

ਵਿਸ਼ਾ:- ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਵਿਖੇ ਕੰਟਰੈਕਟ ਦੇ ਆਧਾਰ ਤੇ ਬਤੌਰ ਰੀਡਰ, ਪੰਚਕ੍ਰਮਾ (Panchkarma) ਵਿਭਾਗ ਵਿੱਚ ਨਿਯੁਕਤੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਿਪਾਰਟਮੈਂਟਲ ਸਲੈਕਸ਼ਨ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ ਮਿਤੀ 21.03.2013 ਅਨੁਸਾਰ ਆਪ ਨੂੰ ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਵਿਖੇ ਬਤੌਰ ਰੀਡਰ, ਪੰਚਕ੍ਰਮਾ (Panchkarma) ਵਿਭਾਗ ਵਿੱਚ ਕੰਟਰੈਕਟ (ਠੇਕੇ) ਦੇ ਅਧਾਰ ਤੇ ਵੇਤਨਮਾਨ 15600-39100 + ਗ੍ਰੇਡ ਪੇ ਅਤੇ ਬਾਕੀ ਭੱਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਅਗਲੇ ਹੁਕਮਾਂ ਜਾਂ ਇਸ ਅਸਾਮੀ ਤੇ ਨਿਯਮਤ ਉਮੀਦਵਾਰ ਆਉਣ ਦੀ ਸ਼ਰਤ ਤੇ ਦੇ ਅਧਾਰ ਤੇ ਹੇਠ ਦਰਸਾਈਆਂ ਸ਼ਰਤਾਂ ਤੇ ਨਿਯੁਕਤ ਕੀਤਾ ਜਾਂਦਾ ਹੈ:-

1) ਇਹ ਕੰਟਰੈਕਟ ਕਿਸੇ ਵੀ ਸਮੇਂ ਖਤਮ ਕੀਤਾ ਜਾ ਸਕਦਾ ਹੈ।
2) ਇਹ ਨਿਯੁਕਤੀ ਆਪ ਦਾ ਆਚਰਨ ਜਿਲ੍ਹਾ ਮੈਜਿਸਟਰੇਟ ਵੱਲੋਂ ਤਸਦੀਕ ਹੋਣ ਤੇ ਨਿਰਭਰ ਹੋਵੇਗੀ।
3) ਹਾਜਰ ਹੋਣ ਤੋਂ ਪਹਿਲਾਂ ਆਪ ਨੂੰ ਸਿਵਲ ਸਰਜਨ, ਪਟਿਆਲਾ ਪਾਸੋਂ ਮੈਡੀਕਲ ਫਿਟਨੈਸ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।
4) ਆਪ ਦੀਆਂ ਸੇਵਾਵਾਂ ਲੋੜ ਪੈਣ ਤੇ ਡਿਫੈਂਸ ਸਰਵਿਸਜ਼ ਲਈ ਵਰਤੀਆਂ ਜਾ ਸਕਦੀਆਂ ਹਨ।
5) ਡਿਊਟੀ ਤੇ ਹਾਜਰ ਹੋਣ ਤੋਂ ਬਾਅਦ ਆਪ ਕਿਸੇ ਵੀ ਤਰ੍ਹਾਂ ਦਾ ਪੱਤਰ ਵਿਹਾਰ ਆਪਣੇ ਉੱਚ-ਅਧਿਕਾਰੀਆਂ ਤੋਂ ਬਿਨ੍ਹਾਂ ਸਰਕਾਰ ਨਾਲ ਸਿੱਧੇ ਨਹੀਂ ਕਰੋਗੇ।
6) ਆਪ ਨੂੰ ਭਾਰਤ ਦੇ ਸੰਵਿਧਾਨ ਦੀ ਸਹੁੰ ਚੁੱਕਣੀ ਪਵੇਗੀ।
7) ਆਪ ਨੂੰ ਮੰਗ ਅਨੁਸਾਰ ਆਪਣੀ ਯੋਗਤਾ / ਤਜਰਬੇ ਦੇ ਅਸਲ ਸਰਟੀਫਿਕੇਟ ਪੇਸ਼ ਕਰਨੇ ਪੈਣਗੇ।
8) ਆਪ ਨੂੰ ਉੱਕਤ ਆਸਾਮੀ ਤੇ ਇਹ ਨਿੱਯੁਕਤੀ ਪੱਤਰ ਪ੍ਰਾਪਤ ਹੋਣ ਤੇ ਤੁਰੰਤ ਹਾਜਰ ਹੋਣਾ ਪਵੇਗਾ।
9) ਇਹ ਨਿਯੁੱਕਤੀ ਕਿਸੇ ਵੀ ਪੱਖੋਂ ਰੈਗੂਲਰ ਕਰਮਚਾਰੀ / ਅਧਿਕਾਰੀ ਦੀ ਤਰ੍ਹਾਂ ਨਹੀਂ ਸਮਝੀ ਜਾਵੇਗੀ।
10) ਕਿਸੇ ਵੀ ਤਰ੍ਹਾਂ ਦੀ ਅਨੁਸ਼ਾਸ਼ਨਹੀਣਤਾ / insubordination ਜਾਂ ਸੰਸਥਾ ਦਾ ਮਾਹੌਲ ਖਰਾਬ ਕਰਨ ਵਾਲੀ ਕੋਈ ਵੀ ਗਤੀਵਿਧੀ ਧਿਆਨ ਵਿੱਚ ਆਉਣ ਤੇ ਆਪ ਦੀਆਂ ਸੇਵਾਵਾਂ ਬਿੰਨ੍ਹਾਂ ਕਿਸੇ ਨੋਟਿਸ ਦਿੱਤੇ ਸਮਾਪਤ ਕੀਤੀਆਂ ਜਾ ਸਕਦੀਆਂ ਹਨ।

ਮਿਤੀ, ਚੰਡੀਗੜ੍ਹ:
19.6.13

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ।

ਪਿ:ਅੰ:ਨੰ: 12/21/2008-3ਸਸ3/ 3552-62. ਮਿਤੀ, ਚੰਡੀਗੜ੍ਹ: 05/07/2013.

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਸਕੱਤਰ, ਸੈਂਟਰਲ ਕੌਂਸਲ ਆਫ ਇੰਡੀਅਨ ਮੈਡੀਸਨ, 61265, ਇੰਸਟੀਚਿਊਸ਼ਨਲ ਏਰੀਆ, ਜਨਕਪੁਰੀ, ਨਵੀਂ ਦਿੱਲੀ।

2) ਸੰਯੁਕਤ ਸਕੱਤਰ, ਸੈਂਟਰਲ ਕੌਂਸਲ ਆਫ ਇੰਡੀਅਨ ਮੈਡੀਸਨ, ਮਨਿਸਟਰੀ ਆਫ ਹੈਲਥ ਐਂਡ ਫੈਮਿਲੀ ਵੈਲਫੇਅਰ (ਆਯੂਸ਼), ਆਈ.ਆਰ.ਸੀ.ਐਸ. ਬਿਲਡਿੰਗ (ਮੇਨ ਐਂਡ ਅਨੈਕਸੀ) ਰੈਡ ਕਰੋਸ ਰੋਡ, ਨਵੀਂ ਦਿੱਲੀ।

3) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

4) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਿਵਲ ਸਰਜਨ, ਪਟਿਆਲਾ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਅਧਿਕਾਰੀ ਦਾ ਡਾਕਟਰੀ ਮੁਆਇੰਨਾ ਕਰਨ ਉਪਰੰਤ ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਵਿਭਾਗ, ਕਮਰਾ ਨੰ: 227, ਦੂਸਰੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਨੂੰ ਭੇਜਿਆ ਜਾਵੇ।

5) ਪ੍ਰਿੰਸੀਪਲ, ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਸਬੰਧਤ ਉਮੀਦਵਾਰ ਵੱਲੋਂ ਲੋੜੀਂਦੇ ਦਸਤਾਵੇਜ ਮੁੰਕਮਲ ਕਰਨ ਉਪਰੰਤ ਤੁਰੰਤ ਡਿਊਟੀ ਤੇ ਹਾਜਰ ਕਰਵਾਇਆ ਜਾਵੇ।

6) ਡਿਪਟੀ ਕਮਿਸ਼ਨਰ, ਮੰਡੀ, ਹਿਮਾਚਲ ਪ੍ਰਦੇਸ਼ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਕਾਰੀ ਦਾ ਚਾਲ-ਚੱਲਣ ਤਸਦੀਕ ਕਰਕੇ ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਵਿਭਾਗ, ਕਮਰਾ ਨੰ: 227, ਦੂਸਰੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

7) ਸਿਵਲ ਸਰਜਨ, ਪਟਿਆਲਾ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਅਧਿਕਾਰੀ ਦਾ ਡਾਕਟਰੀ ਮੁਆਇਨਾ ਕਰਨ ਉਪਰੰਤ ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਵਿਭਾਗ, ਕਮਰਾ ਨੰ: 227, ਦੂਸਰੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਨੂੰ ਭੇਜਿਆ ਜਾਵੇ।

8) ਨਿੱਜੀ ਸਕੱਤਰ/ਐਮ.ਈ.ਆਰ.ਐਮ.
9) ਨਿੱਜੀ ਸਕੱਤਰ/ਪੀ.ਐਸ.ਐਮ.ਈ.ਆਰ.
10) ਨਿੱਜੀ ਸਹਾਇਕ / ਐੱਸ.ਐੱਸ.ਐੱਮ.ਈ.ਆਰ.।
11) ਨਿੱਜੀ ਸਹਾਇਕ/ਯੂ.ਐੱਸ.ਐੱਸ.ਐੱਮ.ਈ.ਆਰ.।

(ਮਨਮੋਹਨ ਸਿੰਘ)

ਅਧੀਨ ਸਕੱਤਰ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ